GOVERNMENT OF WESTERN AUSTRALIA

PathWest LABORATORY MEDICINE WA

# ਖੂਨ ਦੀ ਜਾਂਚ ਤੋਂ ਪਹਿਲਾਂ ਵਰਤ ਰੱਖਣਾ



ਕੋਈ ਬੁਕਿੰਗ ਦੀ ਲੋੜ ਨਹੀਂ

Punjabi | ਪੰਜਾਬੀ

ਇਹ ਟੈਸਟ ਸਾਰੇ ਪਾਥਵੈਸਟ ਕਲੈਕਸ਼ਨ ਸੈਂਟਰਾਂ 'ਤੇ ਕੀਤਾ ਜਾਂਦਾ ਹੈ।
ਕਿਰਪਾ ਕਰਕੇ ਆਪਣੇ ਟੈਸਟ ਲਈ ਸਵੇਰੇ 10 ਵਜੇ ਤੋਂ ਪਹਿਲਾਂ ਕਿਸੇ ਕਲੈਕਸ਼ਨ ਸੈਂਟਰ ਵਿੱਚ ਜਾਓ।

ਟਿਕਾਣਿਆਂ ਲਈ ਸਕੈਨ ਕਰੋ

## ਟੈਸਟ ਤੋਂ ਪਹਿਲਾਂ

- ਤੁਸੀਂ ਆਪਣੀ ਨਿਯਮਤ ਦਵਾਈ ਲੈ ਸਕਦੇ ਹੋ (ਜਦੋਂ ਤੱਕ ਕਿ ਤੁਹਾਡੇ ਡਾਕਟਰ ਦੁਆਰਾ ਹੋਰ ਨਿਰਦੇਸ਼ ਨਾ ਦਿੱਤੇ ਜਾਣ)।

## ਟੈਸਟ ਤੋਂ ਇੱਕ ਰਾਤ ਪਹਿਲਾਂ

- ਟੈਸਟ ਤੋਂ ਪਹਿਲਾਂ ਘੱਟੋ-ਘੱਟ 10-12 ਘੰਟੇ ਵਰਤ ਰੱਖਣਾ ਜ਼ਰੂਰੀ ਹੈ ਅਤੇ 16 ਘੰਟਿਆਂ ਤੋਂ ਵੱਧ ਨਹੀਂ। 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ 4-6 ਘੰਟੇ ਵਰਤ ਰੱਖਣਾ ਜ਼ਰੂਰੀ ਹੈ।
- ਇਸਦਾ ਮਤਲਬ ਹੈ ਕਿ ਕੋਈ ਤਰਲ ਪਦਾਰਥ (ਪਾਣੀ ਤੋਂ ਇਲਾਵਾ) ਜਾਂ ਭੋਜਨ, ਜਿਸ ਵਿੱਚ ਚਾਹ, ਕੌਫੀ, ਜੂਸ, ਦੁੱਧ, ਚਿਊਇੰਗਮ ਜਾਂ ਖੰਘ ਦੀਆਂ ਗੋਲੀਆਂ ਸ਼ਾਮਲ ਹਨ, ਨਾ ਲਓ, ਕਿਉਂਕਿ ਇਹ ਤੁਹਾਡੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਜੇਕਰ ਪਿਆਸ ਲੱਗੀ ਹੋਵੇ ਤਾਂ ਤੁਸੀਂ ਪਾਣੀ ਪੀ ਸਕਦੇ ਹੋ।
- ਤੁਹਾਨੂੰ ਅਗਲੀ ਸਵੇਰ ਟੈਸਟ ਪੂਰਾ ਹੋਣ ਤੱਕ ਵਰਤ ਰੱਖਣਾ ਚਾਹੀਦਾ ਹੈ।

## ਟੈਸਟ ਵਾਲੀ ਸਵੇਰ

- ਨਾ ਖਾਓ, ਨਾ ਪੀਓ ਜਾਂ ਸਿਗਰਟ ਨਾ ਪੀਓ।
- ਜੇਕਰ ਪਿਆਸ ਲੱਗੀ ਹੋਵੇ ਤਾਂ ਤੁਸੀਂ ਸਾਦਾ ਪਾਣੀ ਪੀ ਸਕਦੇ ਹੋ।

ਬੇਦਾਅਵਾ: ਇਹ ਪ੍ਰਕਾਸ਼ਨ ਆਮ ਸਿੱਖਿਆ ਅਤੇ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਕਿਸੇ ਵੀ ਲੋੜੀਂਦੀ ਡਾਕਟਰੀ ਸਲਾਹ ਲਈ ਕਿਸੇ ਯੋਗਤਾ ਪ੍ਰਾਪਤ ਸਿਹਤ ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।
© ਪੱਛਮੀ ਆਸਟ੍ਰੇਲੀਆ ਰਾਜ, ਪਾਥਵੈਸਟ ਲੈਬਾਰਟਰੀ ਮੈਡੀਸਨ WA 2026